# ਮੂਰਖ ਗਧਾ

ਇੱਕ ਪਿੰਡ ਵਿੱਚ ਇੱਕ ਧੋਬੀ ਰਹਿੰਦਾ ਸੀ। ਉਸ ਕੋਲ ਇੱਕ ਗਧਾ ਸੀ। ਗਰੀਬ ਹੋਣ ਕਰਕੇ ਵਿਚਾਰਾ ਧੋਬੀ ਉਸ ਨੂੰ ਪੂਰੀ ਖੁਰਾਕ ਨਹੀਂ ਸੀ ਦੇ ਸਕਦਾ, ਇਸ ਕਰਕੇ ਗਧਾ ਦਿਨ-ਬ-ਦਿਨ ਲਿੱਸਾ ਹੁੰਦਾ ਜਾਂਦਾ ਸੀ।

ਇੱਕ ਦਿਨ ਕੀ ਹੋਇਆ?

ਧੋਬੀ ਨੂੰ ਜੰਗਲ ਵਿੱਚ ਸ਼ੇਰ ਦੀ ਖੱਲ ਮਿਲੀ। ਉਸ ਨੇ ਗਧੇ ਨੂੰ ਉਹ ਖੱਲ ਪਾ ਦਿੱਤੀ ਅਤੇ ਪਿੰਡ ਦੇ ਬਾਹਰ ਖੇਤਾਂ ਵਲ ਹੱਕ ਦਿੱਤਾ।

ਜਦੋਂ ਉਹ ਖੇਤਾਂ ਵਿੱਚ ਪਹੁੰਚਿਆ ਤਾਂ ਉੱਥੇ ਕੰਮ ਕਰ ਰਹੇ ਕਿਸਾਨ ਉਸ ਨੂੰ ਸ਼ੇਰ ਸਮਝ ਕੇ ਭੈ ਭੀਤ ਹੋ ਗਏ ਅਤੇ ਸਹਿਮ ਦੇ ਮਾਰੇ ਉਥੋਂ ਭੱਜ ਤੁਰੇ। ਗਧਾ ਖੇਤਾਂ ਵਿੱਚ ਜਾ ਵੜਿਆ ਤੇ ਰੱਜ ਕੇ ਖੜੀਆਂ ਫਸਲਾਂ ਨੂੰ ਮੂੰਹ ਮਾਰਦਾ ਰਿਹਾ।

ਹੁਣ ਉਸ ਨੇ ਰੋਜ਼ ਦਾ ਨੇਮ ਬਣਾ ਲਿਆ।

ਉਹ ਸ਼ੇਰ ਦੀ ਖੱਲ ਪਾ ਕੇ ਖੇਤਾਂ ਵਿੱਚ ਜਾ ਵੜਦਾ ਤੇ ਢਿੱਡ ਭਰ ਕੇ ਖੇਤ ਚਰਦਾ। ਭਰਵਾਂ ਖਾਣ ਨੂੰ ਮਿਲਣ ਕਰਕੇ ਉਹ ਛੇਤੀ ਹੀ ਖੂਬ ਮੋਟਾ ਤੇ ਤਾਕਤਵਰ ਹੋ ਗਿਆ।

ਇੱਕ ਦਿਨ ਕੀ ਵਾਪਰਿਆ?

ਉਹ ਜਦੋਂ ਖੇਤਾਂ ਵਿੱਚ ਹਰੀਆਂ ਸਬਜ਼ੀਆਂ ਚਰ ਰਿਹਾ ਸੀ ਤਾਂ ਪਰਿਓਂ ਇਕ ਖੋਤਾ ਹੀਂਗ ਪਿਆ। ਉਸ ਮੂਰਖ ਗਧੇ ਨੇ ਹੀਂਗਣ ਦੀ ਆਵਾਜ਼ ਸੁਣੀ ਤਾਂ ਆਦਤ ਅਨੁਸਾਰ ਉਸ ਨੇ ਵੀ ਜਵਾਬ ਵਿੱਚ ਹੀਂਗਣਾ ਸ਼ੁਰੂ ਕਰ ਦਿੱਤਾ।

ਸੋ ਕਿਸਾਨ ਨੂੰ ਪਤਾ ਲੱਗ ਗਿਆ ਕਿ ਜਿਸ ਨੂੰ ਉਹ ਸ਼ੇਰ ਸਮਝ ਕੇ ਭੈਭੀਤ ਰਹਿੰਦੇ ਸਨ, ਵਾਸਤਵ ਵਿੱਚ ਉਹ ਗਧਾ ਹੈ। ਉਹਨਾਂ ਦਾ ਡਰ ਗੁੱਸੇ ਤੇ ਰੋਹ ਵਿੱਚ ਬਦਲ ਗਿਆ। ਉਹ ਲਾਠੀਆਂ ਲੈ ਕੇ ਗਧੇ ਉੱਤੇ ਆ ਪਏ ਤੇ ਮਾਰ ਮਾਰ ਕੇ ਅੱਧ-ਮੋਇਆ ਬਣਾ ਦਿੱਤਾ।

**ਸਿੱਖਿਆ : ਪਹਿਲੇ ਸੋਚੋ, ਫਿਰ ਬੋਲੋ।**